**ਨਾਟੋਮਾਸ ਯੂਨੀਫਾਇਡ ਸਕੂਲ ਡਿਸਟ੍ਰਿਕਟ**

**(NATOMAS UNIFIED SCHOOL DISTRICT)**

**ਪ੍ਰਸਤਾਵ ਨੰ.** 17-04

**ਇਸ ਸਬੰਧ ਵਿੱਚ: ਇੱਕ ਸੇਫ਼ ਹੈਵਨ ਸਕੂਲ ਜ਼ਿਲ੍ਹੇ ਨੂੰ ਮਾਨਤਾ ਦੇਣੀ**

ਹੇਠਾਂ ਲਿਖਿਆ **ਪ੍ਰਸਤਾਵ**, ਨਾਟੋਮਾਸ ਯੂਨੀਫਾਇਡ ਸਕੂਲ ਡਿਸਟ੍ਰਿਕਟ (NATOMAS UNIFIED SCHOOL DISTRICT) ਦੇ ਬੋਰਡ ਆਫ਼ ਟਰੱਸਟੀਜ਼ (Board of Trustees) ਦੁਆਰਾ 8 ਫਰਵਰੀ 2017 ਨੂੰ ਕੀਤੀ ਗਈ ਨਿਯਮਿਤ ਮੀਟਿੰਗ ਵਿੱਚ ਮੌਖਿਕ ਹਾਜ਼ਰੀ ਵੋਟ ਦੇ ਨਾਲ ਵਿਧੀਪੂਰਵਕ ਤਰੀਕੇ ਨਾਲ ਪਾਸ ਕੀਤਾ ਗਿਆ ਸੀ:

| | |
|---|---|
| ਬੀ. ਟੇਰੀ ਬਰਨਜ਼ | ____________________ |
| ਸਕਾਟ ਡੋਸਿਕ | ____________________ |
| ਮੀਕਾਹ ਗ੍ਰਾਂਟ | ____________________ |
| ਸੂਸਨ ਹੇਰੇਡੀਆ | ____________________ |
| ਲਿਸਾ ਕਾਪਲਾਨ | ____________________ |

ਇਸ ਦੇ ਪਾਸ ਹੋਣ ਦੇ ਬਾਅਦ ਮੇਰੇ ਦੁਆਰਾ ਦਸਤਖਤ ਕੀਤਾ ਅਤੇ ਸਵੀਕਾਰ ਕੀਤਾ ਗਿਆ:

____________________

ਲੀਸਾ ਕਾਪਲਾਨ, ਪ੍ਰਧਾਨ

ਤਸਦੀਕ:

____________________

ਮੀਕਾਹ ਗ੍ਰਾਂਟ, ਕਲਰਕ

---

**ਜਦਕਿ,** ਕਾਨੂੰਨ ਅਤੇ ਬੋਰਡ ਦੀ ਨੀਤੀ ਦੇ ਅਧੀਨ, ਸਾਰੇ ਵਿਦਿਆਰਥੀਆਂ ਕੋਲ ਪਬਲਿਕ ਸਕੂਲ ਵਿੱਚ ਭਾਗ ਲੈਣ ਅਤੇ ਬਰਾਬਰ ਸਿੱਖਿਅਕ ਅਤੇ ਪ੍ਰੋਗਰਾਮ ਅਨੁਸਾਰ ਬਣੀਆਂ ਸੇਵਾਵਾਂ ਨੂੰ, ਵਿਦਿਆਰਥੀ ਦੇ ਪਰਵਾਸੀ ਦਰਜ਼ੇ ਦੇ ਸੰਦਰਭ ਦੇ ਬਿਨਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ (ਬੋਰਡ ਦੀ ਨੀਤੀ 5111.1: ਵਿਦਿਆਰਥੀ, ਦਾਖਲਾ);

**ਜਦਕਿ,** ਗਵਰਨਿੰਗ ਬੋਰਡ ਦਾ ਵਿਜ਼ਨ ਕਹਿੰਦਾ ਹੈ, "ਕਾਲਜ ਅਤੇ ਕਰੀਅਰ ਲਈ ਤਿਆਰ, ਉਤਪਾਦਕ, ਜ਼ਿੰਮੇਵਾਰ ਅਤੇ ਭਾਗੀਦਾਰੀ ਕਰਨ ਵਾਲੇ ਵੈਸ਼ਵਿਕ ਨਾਗਰਿਕਾਂ ਦੇ ਰੂਪ ਵਿੱਚ ਐਨ ਯੂ ਐਸ ਡੀ (NUSD) ਦੇ ਸਾਰੇ ਵਿਦਿਆਰਥੀ ਗ੍ਰੈਜੁਏਟ ਹੋਣ," (ਬੋਰਡ ਦੀ ਨੀਤੀ 000: ਵਿਜ਼ਨ) ਅਤੇ ਗਵਰਨਿੰਗ ਬੋਰਡ ਇਸ ਗੱਲ ਨੂੰ ਪੱਕਾ ਕਰਦਾ ਹੈ ਕਿ ਇਹ ਵਿਜ਼ਨ ਵਿਦਿਆਰਥੀ ਦੇ ਪਰਵਾਸੀ ਦਰਜ਼ੇ, ਜਾਤੀਅਤਾ, ਨਸਲ, ਧਰਮ, ਲਿੰਗਕ ਝੁਕਾਅ, ਯੋਗਤਾ, ਲਿੰਗ ਅਤੇ ਲਿੰਗਕ ਪਛਾਣ, ਸਮਾਜਿਕ-ਆਰਥਿਕ ਰੁਤਬੇ ਅਤੇ ਵਿਸ਼ਵਾਸ਼ਾਂ ਦੇ ਸੰਦਰਭ ਦੇ ਬਿਨਾਂ ਹੈ;

**ਜਦਕਿ**, ਜਿਸ ਤਰ੍ਹਾਂ ਕਿ 6 ਦਸੰਬਰ, 2016 ਦੇ ਦਿ ਨਿਊਯਾਰਕ ਟਾਇਮਸ (The New York Times) ਦੁਆਰਾ ਦੱਸਿਆ ਗਿਆ ਹੈ, ਨਾਟੋਮਾਸ ਯੂਨੀਫਾਇਡ ਸਕੂਲ ਜ਼ਿਲ੍ਹੇ ਨੇ ਦੇਸ਼ ਵਿੱਚ ਦੂਜੇ ਅਤੇ ਸੈਕਰੋਮੈਂਟੋ ਕਾਊਂਟੀ ਵਿੱਚ ਪਹਿਲੇ ਨੰਬਰ 'ਤੇ ਸਭ ਤੋਂ ਜ਼ਿਆਦਾ ਵਿਭਿੰਨਤਾ ਵਾਲੇ ਸਕੂਲ ਜ਼ਿਲ੍ਹੇ ਦੇ ਰੂਪ ਵਿੱਚ ਦਰਜ਼ਾਬੰਦੀ ਕੀਤੀ ਹੈ; ਜਿਸ ਤਰ੍ਹਾਂ ਕਿ ਹੇਠਾਂ ਸਾਰਣੀ ਵਿੱਚ ਦਰਸਾਇਆ ਗਿਆ ਹੈ;

United States > California > Sacramento County

**Natomas Unified**

Natomas Unified ranks first of 17 in diversity in Sacramento County.

| **Students, in 2006** | **10,591** | |
|---|---|---|
| White | 2,580 | **24%** |
| Black | 2,696 | **25%** |
| Hispanic | 2,958 | **28%** |
| Asian | 2,253 | **21%** |
| Native American | 104 | **1%** |

**ਜਦਕਿ**, ਗਵਰਨਿੰਗ ਬੋਰਡ, ਸਾਡੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਵਿਭਿੰਨਤਾ ਅਤੇ ਉਨ੍ਹਾਂ ਦੁਆਰਾ ਸਾਡੇ ਜ਼ਿਲ੍ਹੇ ਵਿੱਚ ਲਿਆਉਂਦੀ ਗਈ ਗਹਿਨ ਭਾਸ਼ਾ ਅਤੇ ਸਭਿਆਚਾਰਕ ਅਸਾਸਿਆਂ ਨੂੰ ਅਪਣਾਉਂਦਾ ਹੈ ਅਤੇ ਸਾਡੇ ਸਕੂਲਾਂ ਵਿੱਚ ਸਾਰੇ ਮਾਪਿਆਂ ਅਤੇ ਪਰਿਵਾਰਾਂ ਦੀ ਭਾਈਵਾਲੀ ਦਾ ਜ਼ੋਰਦਾਰ ਸਮਰਥਨ ਕਰਦਾ ਹੈ ਅਤੇ ਉਤਸਾਹਤ ਕਰਦਾ ਹੈ (ਬੋਰਡ ਦੀ ਨੀਤੀ 0410: ਡਿਸਟ੍ਰਿਕਟ ਦੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਵਿੱਚ ਗੈਰ-ਵਿਤਕਰਾ);

**ਜਦਕਿ**, ਕਿਉਂਕਿ ਇਸ ਬਾਰੇ ਸਟੀਕ ਅੰਕੜੇ ਨਹੀਂ ਹਨ ਕਿ ਸਾਡੇ ਜ਼ਿਲ੍ਹੇ ਦੇ ਪਬਲਿਕ ਸਕੂਲਾਂ ਦੇ ਵਿੱਚ ਕਿੰਨੇ ਬੱਚੇ ਰਿਕਾਰਡ ਤੋਂ ਬਾਹਰ ਦਾਖਲ ਕੀਤੇ ਹੋਏ ਹਨ, ਸਾਡੇ ਜ਼ਿਲ੍ਹੇ ਦੇ ਤਕਰੀਬਨ 30% ਬੱਚੇ ਘਰ ਵਿੱਚ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ ਅਤੇ ਉਹ ਪਰਿਵਾਰ ਜਿਨ੍ਹਾਂ ਦੇ ਬੱਚੇ ਸਾਡੇ ਜ਼ਿਲ੍ਹੇ ਵਿੱਚ ਦਾਖਲ ਹਨ, ਉਨ੍ਹਾਂ ਦੁਆਰਾ ਤਕਰੀਬਨ 50 ਮੂਲ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ;

**ਜਦਕਿ**, ਹਾਲ ਵਿੱਚ ਹੀ, ਵਿਦਿਆਰਥੀਆਂ ਅਤੇ ਮਾਤਾ ਪਿਤਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਪਰਵਾਸੀ ਦਰਜ਼ੇ ਦੇ ਨਿਰਧਾਰਣ ਲਈ ਜ਼ਿਲ੍ਹੇ ਦੀ ਸੰਪਤੀ ਵਿੱਚ ਦਾਖਲ ਹੋਣ ਸਬੰਧੀ ਆਫ਼ਿਸ ਆਫ਼ ਇਮੀਗ੍ਰੇਸ਼ਨ ਅਤੇ ਕਸਟਮ ਐਨਫ਼ੋਰਸਮੈਂਟ (ਆਈ ਸੀ ਈ) (Office of Immigration and Customs Enforcement, ICE) ਦੀ ਸਮਰੱਥਾ ਦੇ ਸਬੰਧ ਵਿੱਚ ਡਰ, ਚਿੰਤਾ ਅਤੇ ਦੁਵਿਧਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਤਰ੍ਹਾਂ ਦੀ ਏਜੰਸੀ ਦੀ ਮੌਜੂਦਗੀ ਦੇ ਕਾਰਨ ਸਾਡੇ ਸਕੂਲਾਂ ਦੇ ਵਿੱਚ ਵਿਘਨ ਪੈਦਾ ਹੋ ਸਕਦਾ ਹੈ;

**ਜਦਕਿ**, ਯੂਨਾਈਟਡ ਸਟੇਟਸ ਦੀ ਸੁਪਰੀਮ ਕੋਰਟ ਨੇ ਪਲਾਇਰ ਬਨਾਮ ਡੋਇ (1982) ਦੇ ਵਿੱਚ ਇਹ ਦੱਸਦਿਆਂ ਕਿ ਬੱਚਿਆਂ ਦਾ ਆਪਣੇ ਪਰਵਾਸੀ ਦਰਜੇ 'ਤੇ ਬਹੁਤ ਘੱਟ ਜ਼ੋਰ ਚੱਲਦਾ ਹੈ, ਅਤੇ ਇਸ ਕਾਰਨ ਬੱਚੇ ਅਤੇ ਖੁਦ ਸਮਾਜ ਦੇ ਹੋਣ ਵਾਲੇ ਨੁਕਸਾਨ ਨੂੰ ਨੋਟ ਕਰਦਿਆਂ ਅਤੇ 14ਵੀਂ ਸੋਧ ਦੇ ਸਮਾਨ ਸੁਰੱਖਿਆ ਅਧਿਕਾਰਾਂ ਨੂੰ ਨੋਟ ਕਰਦਿਆਂ ਕਿਹਾ ਹੈ ਕਿ ਕਿਸੇ ਵੀ

ਪਬਲਿਕ ਸਕੂਲ ਜ਼ਿਲ੍ਹੇ ਕੋਲ ਬੱਚਿਆਂ ਨੂੰ ਉਨ੍ਹਾਂ ਦੇ ਪਰਵਾਸੀ ਰੁਤਬੇ ਦੇ ਆਧਾਰ 'ਤੇ ਸਿੱਖਿਆ ਤੱਕ ਪਹੁੰਚ ਕਰਨ ਤੋਂ ਇਨਕਾਰ ਕਰਨ ਦਾ ਆਧਾਰ ਨਹੀਂ ਹੈ।

**ਜਦਕਿ**, ਆਈ ਸੀ ਈ (ICE) ਦੀ 2011 ਦੀ ਨੀਤੀ ਇਹ ਕਹਿੰਦੀ ਹੈ ਕਿ ਇਹ ਕਿਸੇ ਵੀ ਸੰਵੇਦਨਸ਼ੀਲ ਸਥਾਨ, ਜਿਸ ਵਿੱਚ ਸਕੂਲ ਵੀ ਸ਼ਾਮਲ ਹਨ, ਵਿਖੇ ਖਾਸ ਸੰਘੀ ਕਾਨੂੰਨ ਦੇ ਐਨਫੋਰਸਮੈਂਟ ਦੇ ਅਧਿਕਾਰੀਆਂ ਤੋਂ ਖਾਸ ਮੰਜ਼ੂਰੀ ਲਏ ਬਿਨਾਂ; ਜਦੋਂ ਤੱਕ ਕਿ ਬਹੁਤ ਮਹੱਤਵਪੂਰਨ ਕਾਰਨ ਮੌਜੂਦ ਨਾ ਹੋਣ, ਇਮੀਗ੍ਰੇਸ਼ਨ ਐਨਫੋਰਸਮੈਂਟ ਦੀ ਗਤੀਵਿਧੀ ਨੂੰ ਨਹੀਂ ਚਲਾਏਗੀ;

**ਜਦਕਿ**, "ਗਵਰਨਿੰਗ ਬੋਰਡ ਨੂੰ ਸਕੂਲ ਦਾ ਸੁਰੱਖਿਅਤ, ਸਕਾਰਾਤਮਕ ਮਾਹੌਲ ਬਣਾਈ ਰੱਖਣ ਅਤੇ ਉਹ ਵਿਦਿਆਰਥੀ ਸੇਵਾਵਾਂ ਜੋ ਕਿ ਵਿਦਿਆਰਥੀਆਂ ਦੀ ਭਲਾਈ ਅਤੇ ਅਕਾਦਮਿਕ ਪ੍ਰਾਪਤੀਆਂ ਨੂੰ ਉਤਸਾਹਤ ਕਰਦੀਆਂ ਹਨ, ਨੂੰ ਬਣਾਈ ਰੱਖਣ ਲਈ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ," (ਬੋਰਡ ਦੀ ਨੀਤੀ 5000: ਵਿਦਿਆਰਥੀ, ਧਾਰਨਾਵਾਂ, ਅਤੇ ਭੂਮਿਕਾਵਾਂ) ਜੋ ਕਿ ਗਵਰਨਿੰਗ ਬੋਰਡ ਦੇ ਟੀਚੇ ਜੋ ਕਹਿੰਦਾ ਹੈ, "ਸਿੱਖਿਆ ਦੇ ਸੁਰੱਖਿਅਤ ਅਤੇ ਸੁਆਗਤੀ ਮਾਹੌਲ ਨੂੰ ਪੈਦਾ ਕਰਨਾ ਜਿੱਥੇ ਵਿਦਿਆਰਥੀ ਆਪਣੇ ਸਕੂਲਾਂ ਵਿੱਚ ਹਾਜ਼ਰ ਹੁੰਦੇ ਹਨ ਅਤੇ ਜੁੜੇ ਹੁੰਦੇ ਹਨ" ਦੁਆਰਾ ਹੋਰ ਸਮਰਥਿਤ ਕੀਤੀ ਜਾਂਦੀ ਹੈ (ਬੋਰਡ ਪਾਲਸੀ 0200; ਬੋਰਡ ਦੇ ਟੀਚੇ); ਅਤੇ

**ਹੁਣ, ਇਸ ਕਰਕੇ, ਇਹ ਪ੍ਰਸਤਾਵ ਹੈ**: ਕਿ ਗਵਰਨਿੰਗ ਬੋਰਡ ਇਸ ਲਈ ਕਿ ਇਸਦੀ ਹਰੇਕ ਜ਼ਿਲ੍ਹੇ ਸਾਇਟ ਦੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਲਈ ਸੁਰੱਖਿਅਤ ਹੋਣ ਦੇ ਲਈ ਆਪਣੀ ਪ੍ਰਤੀਬੱਧਤਾ ਦੀ ਘੋਸ਼ਣਾ ਕਰਦਾ ਹੈ ਅਤੇ ਸੁਪਰੀਟੈਂਡੈਂਟ ਜਾਂ ਨਿਰਧਾਰਤ ਅਧਿਕਾਰੀ ਨੂੰ ਭਾਈਚਾਰਾ-ਅਧਾਰਿਤ ਸੰਗਠਨਾਂ ਅਤੇ ਕਾਨੂੰਨੀ ਸਹਾਇਤਾ ਸੰਗਠਨ ਜੋ ਇਮੀਗ੍ਰੇਸ਼ਨ ਐਨਫੋਰਸਮੈਂਟ ਦਾ ਜਾਂ ਨਫ਼ਰਤ ਦੇ ਅਪਰਾਧਾਂ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਅਤੇ/ਜਾਂ ਪਰਵਾਸੀ ਦਰਜੇ ਨਾਲ ਸਬੰਧਤ ਵਿਤਕਰੇ ਦੇ ਸਾਹਮਣਾ ਕਰ ਰਹੇ ਪਰਿਵਾਰਾਂ ਲਈ ਸੰਸਾਧਨ ਅਤੇ ਸਹਾਇਤਾ ਮੁਹੱਈਆ ਕਰਵਾਉਂਦੇ ਹਨ, ਦੇ ਨਾਲ ਭਾਈਵਾਲੀ ਵਧਾਉਣ ਦੇ ਲਈ ਉਤਸਾਹਤ ਕਰਦਾ ਹੈ।

**ਅੱਗੇ ਇਹ ਪ੍ਰਸਤਾਵ ਹੈ**: ਜਨਤਕ ਸਿੱਖਿਆ ਮੁਹੱਈਆ ਕਰਵਾਉਣ ਦੇ ਲਈ, ਵਿਦਿਆਰਥੀ ਜਾਂ ਪਰਿਵਾਰ ਦੇ ਪਰਵਾਸੀ ਦਰਜੇ ਦੇ ਸੰਦਰਭ ਤੋਂ ਬਿਨਾਂ, ਲਾਗੂ ਹੋਣ ਵਾਲੇ ਕਿਸੇ ਸੰਘੀ, ਰਾਜ, ਸਥਾਨਕ ਕਾਨੂੰਨ ਜਾਂ ਨਿਯਮ ਜਾਂ ਸਥਾਨਕ ਅਧਿਆਦੇਸ਼ ਜਾਂ ਅਦਾਲਤ ਦੇ ਨਿਰਣੇ ਦੀ ਗੈਰਹਾਜ਼ਰੀ ਵਿੱਚ, ਜ਼ਿਲ੍ਹੇ ਨੂੰ ਹੇਠ ਲਿਖੇ ਦੀ ਪਾਲਣਾ ਕਰਨੀ ਚਾਹੀਦੀ ਹੈ:

1. ਕਿਉਂਕਿ ਇਹ ਜ਼ਿਲ੍ਹੇ ਦੀ ਆਮ ਨੀਤੀ ਹੈ ਕਿ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਕਿਸੇ ਸਕੂਲ ਦੀ ਸੰਪਤੀ ਵਿੱਚ ਦਾਖਲ ਨਹੀਂ ਹੋਣਾ ਚਾਹੀਦਾ ਜੇ ਇਸ ਤਰ੍ਹਾਂ ਦੀ ਵਿਜ਼ਿਟ ਦੇ ਨਾਲ ਸਿੱਖਿਆ ਦੇ ਮਾਹੌਲ ਵਿੱਚ ਵਿਘਨ ਪਵੇਗਾ, ਆਈ ਸੀ ਈ (ICE) ਜਾਂ ਸੰਘੀ ਏਜੰਸੀਆਂ/ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਵਾਲੀਆਂ ਹੋਰ ਅਥਾਰਟੀਆਂ ਦੁਆਰਾ ਕਿਸੇ ਸਕੂਲ ਦੀ ਸੰਪਤੀ ਵਿੱਚ ਵਿਜ਼ਿਟ ਕਰਨ ਦੀ ਕਿਸੇ ਵੀ ਬੇਨਤੀ ਨੂੰ ਸਮੀਖਿਆ ਦੇ ਲਈ ਅੱਗੇ ਸੁਪਰੀਟੈਂਡੈਂਟ ਜਾਂ ਨਿਰਧਾਰਤ ਅਧਿਕਾਰੀ ਕੋਲ ਭੇਜ ਦਿੱਤਾ ਜਾਣਾ ਚਾਹੀਦਾ ਹੈ, ਜੋ, ਜ਼ਿਲ੍ਹੇ ਦੇ ਕਾਨੂੰਨੀ ਸਲਾਹਕਾਰ ਨਾਲ ਸਲਾਹ ਮਸ਼ਵਰਾ ਕਰਕੇ, ਕਾਨੂੰਨੀ ਸੀਮਾਵਾਂ ਦੇ ਅੰਦਰ, ਵਿਦਿਆਰਥੀਆਂ, ਪਰਿਵਾਰਾਂ ਅਤੇ ਅਮਲੇ ਦਾ ਸਮਰਥਨ ਕਰਨ ਲਈ ਕਾਰਵਾਈ ਕਰੇਗਾ।

2. ਆਈ ਸੀ ਈ (ICE) ਜਾਂ ਸੰਘੀ ਏਜੰਸੀਆਂ/ ਅਪ੍ਰਵਾਸ ਦੇ ਕਾਨੂੰਨਾਂ ਨੂੰ ਲਾਗੂ ਕਰਨ ਵਾਲੀਆਂ ਹੋਰ ਅਥਾਰਟੀਆਂ ਦੁਆਰਾ ਜਾਣਕਾਰੀ ਜਾਂ ਦਸਤਾਵੇਜ਼ਾਂ ਦੇ ਲਈ ਕੀਤੀਆਂ ਗਈਆਂ ਸਾਰੀਆਂ ਬੇਨਤੀਆਂ ਨੂੰ ਸਮੀਖਿਆ ਦੇ ਲਈ ਅੱਗੇ ਸੁਪਰੀਟੈਂਡੈਂਟ ਜਾਂ ਨਿਰਧਾਰਤ ਅਧਿਕਾਰੀ ਕੋਲ ਭੇਜ ਦਿੱਤਾ ਜਾਣਾ ਚਾਹੀਦਾ ਹੈ, ਜੋ, ਜ਼ਿਲ੍ਹੇ ਦੇ ਕਾਨੂੰਨੀ ਸਲਾਹਕਾਰ ਨਾਲ ਸਲਾਹ ਮਸ਼ਵਰਾ ਕਰਕੇ ਇਹ ਨਿਰਧਾਰਤ ਕਰੇਗਾ ਕਿ ਜਾਣਕਾਰੀ ਅਤੇ/ਜਾਂ ਦਸਤਾਵੇਜ਼ਾਂ ਨੂੰ ਜ਼ਰੂਰ ਜਾਰੀ ਕੀਤਾ ਜਾਣਾ ਚਾਹੀਦਾ ਹੈ।

3. ਜੇ ਆਈ ਸੀ ਈ (ICE) ਜਾਂ ਸੰਘੀ ਏਜੰਸੀਆਂ/ ਹੋਰ ਅਥਾਰਟੀਆਂ ਬਿਨਾਂ ਦੱਸੇ ਵਿਦਿਆਰਥੀ ਤੋਂ ਪੁੱਛਗਿੱਛ ਕਰਨ ਜਾਂ ਉਸਨੂੰ ਹਿਰਾਸਤ ਵਿੱਚ ਲੈਣ ਲਈ ਸਕੂਲ ਦੀ ਸੰਪਤੀ ਵਿੱਚ ਆਉਂਦੀਆਂ ਹਨ, ਤਾਂ ਸਕੂਲ ਦਾ ਪ੍ਰਸ਼ਾਸਕੀ ਅਮਲਾ ਤੁਰੰਤ ਸੁਪਰੀਟੈਂਡੈਂਟ ਜਾਂ ਨਿਰਧਾਰਤ ਅਧਿਕਾਰੀ ਨੂੰ ਸੂਚਿਤ ਕਰੇਗਾ, ਜੋ, ਜ਼ਿਲ੍ਹੇ ਦੇ ਕਾਨੂੰਨੀ ਸਲਾਹਕਾਰ ਦੇ ਨਾਲ ਸਲਾਹ ਮਸ਼ਵਰਾ ਕਰਕੇ, ਕਾਨੂੰਨੀ ਸੀਮਾਵਾਂ ਦੇ ਅੰਦਰ ਵਿਦਿਆਰਥੀ(ਆਂ) ਦੀ ਸਹਾਇਤਾ ਲਈ ਕਾਰਵਾਈ ਕਰੇਗਾ।

4. ਜ਼ਿਲ੍ਹੇ ਦਾ ਕਾਨੂੰਨੀ ਸਲਾਹਕਾਰ, ਅਤੇ ਜਿਸ ਤਰ੍ਹਾਂ ਸੁਪਰੀਟੈਂਡੈਂਟ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਹੋਰ ਜ਼ਿਲ੍ਹੇ ਕਰਮਚਾਰੀ ਪਰਵਾਸੀ ਸਬੰਧੀ ਸੰਘੀ ਕਾਨੂੰਨਾਂ ਦੇ ਪ੍ਰੋਗਰਾਮਾਂ ਜਿਵੇਂ ਕਿ ਡੈਫ਼ਰਡ ਐਕਸ਼ਨ ਫਾਰਮ ਚਾਇਲਡਹੁੱਡ ਅਰਾਇਵਲਜ਼ (ਡੀ ਏ ਸੀ ਏ) (Deferred Action for Childhood Arrivals, DACA) ਵਿਚਲੇ ਬਦਲਾਵਾਂ ਦੇ ਪ੍ਰਭਾਵਾਂ ਦੀ ਸਮੀਖਿਆ ਕਰੇਗਾ ਅਤੇ ਇਮੀਗ੍ਰੇਸ਼ਨ ਐਨਫੋਰਸਮੈਂਟ ਦੇ ਮਕਸਦਾਂ ਦੇ ਨਾਲ ਵਿਅਕਤੀਗਤ ਰੂਪ ਵਿੱਚ ਪਛਾਣਯੋਗ ਜਾਣਕਾਰੀ ਦੇ ਇਕੱਤਰੀਕਰਣ ਜਾਂ ਭੰਡਾਰਨ ਦੇ ਵਿਦਿਆਰਥੀਆਂ ਅਤੇ ਕਰਮਚਾਰੀਆਂ, ਦੋਵਾਂ 'ਤੇ ਪੈਣ ਵਾਲੇ ਨਕਾਰਾਤਮਕ ਪ੍ਰਭਾਵਾਂ ਦੀ ਰੋਕਥਾਮ ਅਤੇ ਘਟਾਉਣ ਦੇ ਲਈ ਕੰਮ ਕਰੇਗਾ।

5. ਜ਼ਿਲ੍ਹੇ ਦੇ ਕਰਮਚਾਰੀ ਸਾਰੇ ਤਰਕਸੰਗਤ ਉਪਾਅ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਕੂਲ ਦੇ ਬਾਅਦ ਸਾਰੇ ਪ੍ਰੋਵਾਈਡਰ ਅਤੇ ਹੋਰ ਸੇਵਾ ਪ੍ਰੋਵਾਈਡਰ ਜਿਨ੍ਹਾਂ ਦੀ ਬੱਚੇ, ਪਰਿਵਾਰ ਜਾਂ ਕਰਮਚਾਰੀ ਨਾਲ ਸਬੰਧਤ ਜਾਣਕਾਰੀ ਤੱਕ ਪਹੁੰਚ ਹੈ, ਉਹ ਵੀ ਇੱਥੇ ਦੱਸੀਆਂ ਗਈਆਂ ਕਾਰਵਾਈਆਂ ਦੀ ਪਾਲਣਾ ਕਰਨਗੇ।

**ਅੱਗੇ ਇਹ ਪ੍ਰਸਤਾਵ ਹੈ**: ਕਿ ਸੁਪਰੀਟੈਂਡੈਂਟ ਜਾਂ ਨਿਰਧਾਰਤ ਅਧਿਕਾਰੀ ਨੂੰ ਅਧਿਆਪਕਾਂ, ਸਕੂਲ ਦੇ ਪ੍ਰਸ਼ਾਸਕਾਂ ਅਤੇ ਸਕੂਲ ਅਤੇ ਜ਼ਿਲ੍ਹੇ ਦੇ ਦਫ਼ਤਰੀ ਅਮਲੇ ਨੂੰ ਸਾਲ ਦੀ ਸ਼ੁਰੂਆਤ ਵਿੱਚ ਸਲਾਨਾ ਜ਼ਰੂਰੀ ਕਰਾਰ ਦਿੱਤੀਆਂ ਗਈਆਂ ਸਿਖਲਾਈਆਂ ਦੇ ਨਾਲ, ਇਸ ਨਿਰਣੇ ਨੂੰ ਕਿਸ ਤਰ੍ਹਾਂ ਲਾਗੂ ਕਰਨਾ ਹੈ ਸਬੰਧੀ ਢੁੱਕਵੀਂ ਅਤੇ ਲੋੜੀਂਦੀ ਸਿਖਲਾਈ ਦੇਣੀ ਚਾਹੀਦੀ ਹੈ; ਅਤੇ ਜ਼ਿਲ੍ਹੇ ਵਿੱਚ ਪਰਿਵਾਰਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਪੂਰੀ ਤਰ੍ਹਾਂ ਜਾਗਰੂਕ ਕਰਨ ਲਈ ਮਾਤਾ ਪਿਤਾ/ਸਰਪ੍ਰਸਤ ਇਸ ਪ੍ਰਸਤਾਵ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਪ੍ਰਾਪਤ ਕਰਨਗੇ;

**ਅੱਗੇ ਇਹ ਪ੍ਰਸਤਾਵ ਹੈ**: ਕਿ ਜਿਵੇਂ ਹੀ ਇਸ ਨਿਰਣੇ ਨੂੰ ਲਾਗੂ ਕੀਤਾ ਜਾਂਦਾ ਹੈ ਸੁਪਰੀਟੈਂਡੈਂਟ ਜਾਂ ਨਿਰਧਾਰਤ ਅਧਿਕਾਰੀ ਨੂੰ ਇਸ ਸਬੰਧੀ ਟਰੱਸਟੀਆਂ ਨੂੰ ਢੁੱਕਵੇਂ ਅਪਡੇਟ ਤਿਆਰ ਕਰਨੇ ਚਾਹੀਦੇ ਹਨ;

**ਅੱਗੇ ਇਹ ਪ੍ਰਸਤਾਵ ਹੈ**: ਕਿ ਗਵਰਨਿੰਗ ਬੋਰਡ, ਸੁਪਰੀਟੈਂਡੈਂਟ ਜਾਂ ਨਿਰਧਾਰਤ ਅਧਿਕਾਰੀ ਨੂੰ ਇਸ ਨਿਰਣੇ ਦੀਆਂ ਕਾਪੀਆਂ ਨੂੰ ਨਿਰਣੇ ਦੇ ਲਾਗੂ ਹੋਣ ਦੀ ਤਾਰੀਖ ਦੇ ਤੀਹ (30) ਦਿਨਾਂ ਦੇ ਅੰਦਰ ਵੰਡਣ ਲਈ, ਢੁੱਕਵੀਆਂ ਭਾਸ਼ਾਵਾਂ ਵਿੱਚ ਅਨੁਵਾਦ

ਕਰਵਾਉਣ ਲਈ, ਸਾਰੇ ਸਕੂਲ ਟਿਕਾਣਿਆਂ ਨੂੰ ਦੇਣ ਲਈ (ਜਿਨ੍ਹਾਂ ਵਿੱਚ ਜ਼ਿਲ੍ਹੇ-ਅਧਿਕ੍ਰਿਤ ਚਾਰਟਰ ਸਕੂਲ ਟਿਕਾਣੇ ਸ਼ਾਮਲ ਹਨ), ਅਤੇ ਜ਼ਿਲ੍ਹੇ ਦੀ ਡੀ ਈ ਐਲ ਏ ਸੀ (DELAC) ਕਮੇਟੀ ਅਤੇ ਸਾਇਟ ਈ ਐਲ ਏ ਸੀ (Site ELAC) ਕਮੇਟੀਆਂ ਨੂੰ ਦੇਣ ਲਈ ਹਿਦਾਇਤ ਦਿੰਦਾ ਹੈ; ਅਤੇ ਅਖੀਰ ਵਿੱਚ

**ਅੱਗੇ ਇਹ ਪ੍ਰਸਤਾਵ ਹੈ**: ਕਿ ਗਵਰਨਿੰਗ ਬੋਰਡ, ਇਮੀਗ੍ਰੇਸ਼ਨ ਐਨਫੋਰਸਮੈਂਟ ਜਾਂ ਨਫ਼ਰਤ ਦੇ ਅਪਰਾਧਾਂ ਅਤੇ/ਜਾਂ ਪਰਵਾਸੀ ਦਰਜੇ ਨਾਲ ਸਬੰਧਤ ਵਿਤਕਰੇ ਤੋਂ ਡਰੇ ਹੋਏ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਲਈ ਸੁਰੱਖਿਅਤ ਸਵਰਗ ਵੱਜੋਂ ਸੇਵਾ ਪ੍ਰਦਾਨ ਕਰਨ ਲਈ ਨਾਟੋਮਾਸ ਯੂਨੀਫਾਇਡ ਸਕੂਲ ਡਿਸਟ੍ਰਿਕਟ ਸਾਰੇ ਵਿਦਿਆਰਥੀਆਂ ਲਈ ਸੁਰੱਖਿਅਤ ਅਕਾਦਮਿਕ ਵਾਤਾਵਰਣ ਤਿਆਰ ਕਰਨ ਦੀ ਪ੍ਰਤੀਬੱਧਤਾ ਦੀ ਪੁਸ਼ਟੀ ਕਰਦਾ ਹੈ।